2025 ਨਿਊ ਜਰਸੀ ਗਵਰਨਰ ਲਈ ਉਮੀਦਵਾਰ ਦਾ ਬਿਆਨ

(500 ਸ਼ਬਦਾਂ ਤੋਂ ਵੱਧ ਨਹੀਂ)

Jack Ciattarelli (ਜੈਕ ਸਿਆਟਾਰੇਲੀ) — ਉਮੀਦਵਾਰ ਦਾ ਨਾਮ:

ਰਿਪਬਲਿਕਨ — ਬੈਲਟ 'ਤੇ ਅਹੁਦਾ/ਰਾਜਨੀਤਿਕ ਪਾਰਟੀ:

ਨਿਊ ਜਰਸੀ ਨੂੰ ਅਸਲ ਬਦਲਾਅ ਦੀ ਲੋੜ ਹੈ - ਅਤੇ ਮੈਂ ਇਕਲੌਤਾ ਉਮੀਦਵਾਰ ਹਾਂ ਜਿਸ ਕੋਲ ਇਹ ਕਰਨ ਲਈ ਇੱਕ ਅਸਲ ਯੋਜਨਾ ਹੈ।

ਮੇਰੇ ਪ੍ਰਵਾਸੀ ਦਾਦਾ-ਦਾਦੀ 100 ਸਾਲ ਪਹਿਲਾਂ ਨਿਊ ਜਰਸੀ ਆਏ ਸਨ ਅਤੇ ਉਨ੍ਹਾਂ ਨੇ - ਮੇਰੇ ਆਪਣੇ ਮਾਪਿਆਂ ਦੇ ਨਾਲ - ਅਮਰੀਕੀ ਸੁਪਨਾ ਹਾਸਲ ਕੀਤਾ। ਅਜਿਹਾ ਕਰਦਿਆਂ, ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਕੁਰਬਾਨੀ ਨੇ ਮੇਰੇ ਅਤੇ ਮੇਰੇ ਭੈਣਾਂ-ਭਰਾਵਾਂ ਲਈ ਇੱਕ ਮਿਸਾਲ ਕਾਇਮ ਕੀਤੀ ਅਤੇ ਇੱਕ ਮਜ਼ਬੂਤ ਮੱਧ-ਵਰਗੀ ਪਾਲਣ-ਪੋਸ਼ਣ ਪ੍ਰਦਾਨ ਕੀਤਾ।

ਮੈਨੂੰ ਮਾਣ ਹੈ ਕਿ ਮੈਂ ਆਪਣੇ ਚਾਰ ਬਾਲਗ ਬੱਚਿਆਂ ਲਈ ਵੀ ਅਜਿਹਾ ਕਰਨ ਵਿੱਚ ਮਦਦ ਕੀਤੀ, ਜੋ ਲੋ ਸਾਰੇ ਆਪਣੇ-ਆਪਣੇ ਸਫਲ ਕਰੀਅਰ ਵਿੱਚ ਖੁਸ਼ਹਾਲ ਹਨ - ਤਿੰਨ ਨਿਊ ਜਰਸੀ ਵਿੱਚ ਅਤੇ ਇੱਕ ਵਿਦੇਸ਼ਾਂ ਵਿੱਚ ਸਾਡੇ ਦੇਸ਼ ਦੀ ਸੇਵਾ ਕਰ ਰਿਹਾ ਹੈ।

ਬਦਕਿਸਮਤੀ ਨਾਲ, ਜਿਨ੍ਹਾਂ ਮੌਕਿਆਂ ਦਾ ਅਸੀਂ ਸਾਰਿਆਂ ਨੇ ਆਨੰਦ ਮਾਣਿਆ ਸੀ, ਉਹ ਅੱਜ ਦੀ ਪੀੜ੍ਹੀ ਅਤੇ ਅਗਲੀ ਪੀੜ੍ਹੀ ਦੀ ਪਹੁੰਚ ਤੋਂ ਬਾਹਰ ਹੁੰਦੇ ਜਾ ਰਹੇ ਹਨ।

ਨਿਊ ਜਰਸੀ ਤੇਜ਼ੀ ਨਾਲ ਮਹਿੰਗਾ, ਘੱਟ ਸੁਰੱਖਿਅਤ, ਅਤੇ ਸਿਆਸਤਦਾਨਾਂ ਅਤੇ ਵਿਸ਼ੇਸ਼ ਹਿੱਤਾਂ ਦੁਆਰਾ ਨਿਯੰਤ੍ਰਿਤ ਹੁੰਦਾ ਗਿਆ ਹੈ ਜੋ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਕੰਮ ਕਰਨ ਵਾਲੇ ਪਰਿਵਾਰਾਂ, ਬਜ਼ੁਰਗਾਂ, ਨੌਜਵਾਨਾਂ, ਅਤੇ ਉੱਦਮੀਆਂ ਲਈ ਕੀ ਮਹੱਤਵਪੂਰਨ ਹੈ; ਅਤੇ ਨਾ ਹੀ ਉਹ ਉਨ੍ਹਾਂ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦੀ ਪਰਵਾਹ ਕਰਦੇ ਹਨ ਜੋ ਸਾਡੇ ਦਿਲ ਦੇ ਨੇੜੇ ਹਨ।

ਗਵਰਨਰ ਮਰਫ਼ੀ ਦੇ 8 ਸਾਲਾਂ ਅਤੇ ਰਾਜ ਵਿਧਾਨ ਸਭਾ 'ਤੇ 25 ਸਾਲਾਂ ਦੇ ਇੱਕ-ਪਾਰਟੀ ਡੈਮੋਕ੍ਰੇਟ ਦੇ ਕੰਟ੍ਰੋਲ ਤੋਂ ਬਾਅਦ, ਸਾਡਾ ਰਾਜ ਟੁੱਟ ਗਿਆ ਹੈ।

ਮੇਰਾ ਵਿਰੋਧੀ - ਜੋ ਕਿ ਨਾ ਤਾਂ ਨਿਊ ਜਰਸੀ ਤੋਂ ਹੈ ਅਤੇ ਨਾ ਹੀ ਸਾਡੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਨੂੰ ਸਮਝਦਾ ਹੈ - ਇਨ੍ਹਾਂ ਅਸਫਲ ਨੀਤੀਆਂ ਨੂੰ ਜਾਰੀ ਰੱਖੇਗਾ ਅਤੇ ਸਾਨੂੰ ਗਲਤ ਦਿਸ਼ਾ ਵੱਲ ਲੈ ਜਾਵੇਗਾ। ਅਸੀਂ ਬਸ 4 ਹੋਰ ਸਾਲ ਮੌਜੂਦਾ ਸਥਿਤੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

ਇਸੇ ਲਈ, ਤੁਹਾਡੇ ਸਮਰਥਨ ਨਾਲ ਅਤੇ ਤੁਹਾਡੇ ਗਵਰਨਰ ਵਜੋਂ, ਮੈਂ ਇਹ ਕਰਾਂਗਾ:

ਪ੍ਰਾਪਰਟੀ ਟੈਕਸਾਂ ਨੂੰ ਘਟਾਉਣਾ ਅਤੇ ਸੀਮਿਤ ਕਰਨਾ ਤਾਂ ਜੋ ਕੰਮਕਾਜੀ ਪਰਿਵਾਰ ਅਤੇ ਨੌਜਵਾਨ ਘਰ ਖਰੀਦਣ ਦੀ ਸਮਰੱਥਾ ਰੱਖ ਸਕਣ, ਨਾਲ ਹੀ ਸੀਨੀਅਰ ਪ੍ਰਾਪਰਟੀ ਟੈਕਸ ਫ੍ਰੀਜ਼ ਨੂੰ ਅੱਗੇ ਵਧਾਉਣਾ।

ਸਾਫ਼ ਕੁਦਰਤੀ ਗੈਸ, ਨਿਊਕਲੀਅਰ, ਅਤੇ ਸੋਲਰ ਊਰਜਾ ਵਿੱਚ ਨਿਵੇਸ਼ ਕਰਨਾ, ਅਤੇ ਗਵਰਨਰ Murphy (ਮਰਫ਼ੀ) ਦੁਆਰਾ ਬੰਦ ਕੀਤੇ ਗਏ ਪਾਵਰ ਪਲਾਂਟਸ ਨੂੰ ਦੁਬਾਰਾ ਖੋਲ੍ਹ ਕੇ ਸਾਡੇ ਮਹੀਨਾਵਾਰ ਬਿਜਲੀ ਬਿੱਲਾਂ ਨੂੰ ਤੁਰੰਤ ਘਟਾਉਣਾ, ਆਫਸ਼ੋਰ ਵਿੰਡ ਅਤੇ ਇਲੈਕਟ੍ਰੀਕਲ ਵਾਹਨ ਜਨਾਦੇਸ਼ਾਂ ਨੂੰ ਖਤਮ ਕਰਨਾ, ਅਤੇ ਨਿਊ ਜਰਸੀ ਨੂੰ Regional Greenhouse Gas Initiative (ਖੇਤਰੀ ਗ੍ਰੀਨਹਾਊਸ ਗੈਸ ਪਹਿਲਕਦਮੀ) (RGGI) ਤੋਂ ਬਾਹਰ ਕਰ ਕੇ ਰੇਟ ਦੇਣ ਵਾਲਿਆਂ ਦੇ $300+ ਮਿਲੀਅਨ ਬਚਾਉਣੇ। ਮੈਂ ਪੂਰੇ Board of Public Utilities (ਪਬਲਿਕ ਯੂਟਿਲਿਟੀਜ਼ ਬੋਰਡ) ਤੋਂ ਅਸਤੀਫ਼ੇ ਦੀ ਮੰਗ ਕਰਕੇ, ਬੋਰਡ ਵਿਖੇ ਵੀ ਸਫਾਈ ਕਰਾਂਗਾ।

ਰਾਜ ਸਰਕਾਰ ਦੇ ਆਕਾਰ ਅਤੇ ਲਾਗਤ ਨੂੰ ਜ਼ਿੰਮੇਵਾਰੀ ਨਾਲ ਘਟਾਉਣਾ, ਬਰਬਾਦੀ ਨੂੰ ਖਤਮ ਕਰਨ ਅਤੇ ਰੋਕਣ ਲਈ ਲਾਈਨ-ਆਈਟਮ ਵੀਟੋ ਪੈੱਨ ਦੀ ਹਮਲਾਵਰ ਵਰਤੋਂ ਕਰਨੀ।

2025 ਨਿਊ ਜਰਸੀ ਗਵਰਨਰ ਲਈ ਉਮੀਦਵਾਰ ਦਾ ਬਿਆਨ

Jack Ciattarelli (ਜੈਕ ਸਿਆਟਾਰੇਲੀ)
ਉਮੀਦਵਾਰ ਦਾ ਨਾਮ:

ਪੰਜ ਸਾਲਾਂ ਲਈ Corporation Business Tax (ਕਾਰਪੋਰੇਸ਼ਨ ਬਿਜ਼ਨਸ ਟੈਕਸ) ਨੂੰ ਪ੍ਰਤੀ ਸਾਲ ਇੱਕ ਪ੍ਰਤਿਸ਼ਤ ਘਟਾਉਣਾ, ਇਸਨੂੰ ਦੇਸ਼ ਵਿੱਚ ਸਭ ਤੋਂ ਉੱਚੀ ਦਰ ਤੋਂ ਰਾਸ਼ਟਰੀ ਪੱਧਰ 'ਤੇ ਪ੍ਰਤਿਯੋਗੀ ਦਰ 'ਤੇ ਲਿਜਾਉਣਾ; ਅਤੇ ਸਾਰੇ ਟੈਕਸਦਾਤਾਵਾਂ ਲਈ ਆਮਦਨ ਟੈਕਸ ਨੂੰ ਘਟਾਉਣਾ, ਟੈਕਸ ਬ੍ਰੈਕਟਾਂ ਨੂੰ ਇਕਜੁੱਟ ਕਰਨਾ, ਘਰਾਂ ਦੇ ਸੁਧਾਰਾਂ 'ਤੇ ਟੈਕਸ ਵਾਧੇ ਨੂੰ ਰੋਕਣਾ, ਅਤੇ ਵਿਦਿਆਰਥੀ ਕਰਜ਼ੇ ਦੇ ਵਿਆਜ ਨੂੰ ਟੈਕਸ ਕਟੌਤੀਯੋਗ ਬਣਾਉਣਾ।

ਆਖਰੀ, ਪਰ ਘੱਟ ਮਹੱਤਵਪੂਰਨ ਨਹੀਂ, ਨਿਊ ਜਰਸੀ ਨੂੰ ਨੌਜਵਾਨਾਂ ਲਈ ਵਧੇਰੇ ਕਿਫ਼ਾਇਤੀ ਬਣਾਉਣਾ, ਮੈਂ ਹਾਈ ਸਕੂਲ ਅਤੇ ਕਾਲਜ ਤੋਂ ਬਾਅਦ ਵਰਕ ਫੋਰਸ ਵਿੱਚ ਪਹਿਲੇ ਦੋ ਸਾਲਾਂ ਨੂੰ ਟੈਕਸ ਫ੍ਰੀ ਬਣਾਵਾਂਗਾ ਅਤੇ ਉਸ ਕਿਸੇ ਲਈ ਵੀ ਰਾਜ ਵਿੱਚ ਅਤੇ ਰਾਜ ਤੋਂ ਬਾਹਰ ਟਿਊਸ਼ਨ ਵਿੱਚਲੇ ਫਰਕ ਦੀ ਰਕਮ ਵਾਪਸ ਕਰਾਂਗਾ ਜੋ ਇੱਥੇ ਕਾਲਜ ਜਾਂਦਾ ਹੈ ਅਤੇ ਫਿਰ ਗ੍ਰੈਜੁਏਸ਼ਨ ਤੋਂ ਬਾਅਦ ਘੱਟੋ-ਘੱਟ ਤਿੰਨ ਸਾਲਾਂ ਲਈ ਰਾਜ ਵਿੱਚ ਰਹਿੰਦਾ ਹੈ ਅਤੇ ਕੰਮ ਕਰਦਾ ਹੈ।

ਮੈਂ ਸਾਰਿਆਂ ਨੂੰ ਤਾਕੀਦ ਕਰਦਾ ਹਾਂ ਕਿ ਮੇਰੀ ਵੈੱਬਸਾਈਟ www.Jack4NJ.com 'ਤੇ ਜਾਓ ਅਤੇ ਉਸ ਰਾਜ ਨੂੰ ਠੀਕ ਕਰਨ ਲਈ ਮੇਰੀਆਂ ਵਿਸਤ੍ਰਿਤ ਯੋਜਨਾਵਾਂ ਬਾਰੇ ਹੋਰ ਪੜ੍ਹੋ ਜਿਸਨੂੰ ਅਸੀਂ ਸਾਰੇ ਪਿਆਰ ਕਰਦੇ ਹਾਂ। ਤੁਹਾਡਾ ਗਵਰਨਰ ਬਣਨਾ ਮੇਰੇ ਲਈ ਜ਼ਿੰਦਗੀ ਭਰ ਦਾ ਸਨਮਾਨ ਹੋਵੇਗਾ, ਅਤੇ ਮੈਂ ਤੁਹਾਡਾ ਸਮਰਥਨ ਅਤੇ ਵੋਟ ਪ੍ਰਾਪਤ ਕਰਨ ਦੀ ਉਮੀਦ ਕਰਦਾ ਹਾਂ।

9/5/2025
ਤਾਰੀਖ਼:

ਉਮੀਦਵਾਰ ਦੇ ਦਸਤਖ਼ਤ:

ਅਨੁਵਾਦ ਬਾਰੇ ਬੇਦਾਅਵਾ:

New Jersey Campaign Contributions and Expenditures Reporting Act (ਨਿਊ ਜਰਸੀ ਮੁਹਿੰਮ ਯੋਗਦਾਨ ਅਤੇ ਖਰਚ ਰਿਪੋਰਟਿੰਗ ਅਧਿਨਿਯਮ), N.J.S.A. 19:44A-37, ਗਵਰਨਰ ਦੇ ਅਹੁਦੇ ਲਈ ਉਮੀਦਵਾਰਾਂ ਨੂੰ, ਵੱਧ ਤੋਂ ਵੱਧ 500 ਸ਼ਬਦਾਂ ਵਿੱਚ, ਬਿਆਨ ਦੇਣ ਦੀ ਇਜਾਜ਼ਤ ਦਿੰਦਾ ਹੈ, ਤਾਂ ਜੋ ਉਮੀਦਵਾਰਾਂ ਵਿੱਚੋਂ ਚੋਣ ਕਰਨ ਵਿੱਚ ਇਸ ਰਾਜ ਦੇ ਵੋਟਰਾਂ ਦੀ ਸਹਾਇਤਾ ਕੀਤੀ ਜਾ ਸਕੇ। New Jersey Election Law Enforcement Commission (ਨਿਊ ਜਰਸੀ ਚੋਣ ਕਾਨੂੰਨ ਲਾਗੂਕਰਨ ਕਮਿਸ਼ਨ) (ELEC), ਇੱਕ ਕਾਨਟ੍ਰੈਕਟਰ ਰਾਹੀਂ, ਹੇਠਾਂ ਦਿੱਤੇ ਅਨੁਵਾਦਿਤ ਬਿਆਨ ਪ੍ਰਦਾਨ ਕਰ ਰਿਹਾ ਹੈ, ਤਾਂ ਜੋ ਇਸ ਦੀਆਂ ਵੈੱਬਸਾਈਟਾਂ ਨੂੰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਪੜ੍ਹਨ ਵਿੱਚ ਤੁਹਾਡੀ ਸਹਾਇਤਾ ਕੀਤੀ ਜਾ ਸਕੇ। ਕੋਈ ਵੀ ਅਨੁਵਾਦ ਸਿਰਫ਼ ਸਹੂਲਤ ਲਈ ਦਿੱਤਾ ਗਿਆ ਹੈ ਅਤੇ ਇਹ ਅਧਿਕਾਰਤ ELEC ਦਸਤਾਵੇਜ਼ ਨਹੀਂ ਹੈ। ਨਾ ਤਾਂ ELEC ਅਤੇ ਨਾ ਹੀ ਇਸਦਾ ਕਾਨਟ੍ਰੈਕਟਰ ਅਨੁਵਾਦਾਂ ਦੀ ਸਟੀਕਤਾ ਜਾਂ ਉਨ੍ਹਾਂ ਦੀ ਭਰੋਸੇਯੋਗਤਾ, ਉਪਲਬਧਤਾ, ਜਾਂ ਤੁਹਾਡੀਆਂ ਖਾਸ ਭਾਸ਼ਾ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਦੀ ਸਮਰੱਥਾ ਬਾਰੇ ਕੋਈ ਵਾਅਦਾ, ਭਰੋਸਾ ਜਾਂ ਗਾਰੰਟੀ ਦਿੰਦੇ ਹਨ। ਜੇਕਰ ਤੁਸੀਂ ਇਸ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਅਨੁਵਾਦਿਤ ਜਾਣਕਾਰੀ 'ਤੇ ਭਰੋਸਾ ਕਰਦੇ ਹੋ, ਤਾਂ ਤੁਸੀਂ ਅਜਿਹਾ ਆਪਣੇ ਜੋਖ਼ਮ 'ਤੇ ਕਰ ਰਹੇ ਹੋ।

ELEC ਕਰਮਚਾਰੀ, ਏਜੰਟ, ਅਤੇ ਕਾਨਟ੍ਰੈਕਟਰ ਅਨੁਵਾਦਿਤ ਬਿਆਨਾਂ ਦੀ ਤੁਹਾਡੀ ਵਰਤੋਂ ਤੋਂ ਜਾਂ ਇਸ ਦੇ ਸੰਬੰਧ ਵਿੱਚ ਹੋਣ ਵਾਲੇ ਕਿਸੇ ਵੀ ਕਿਸਮ ਦੇ ਨੁਕਸਾਨ ਜਾਂ ਘਾਟੇ ਲਈ ਜ਼ਿੰਮੇਵਾਰ ਨਹੀਂ ਹੋਣਗੇ, ਜਿਸ ਵਿੱਚ ਅਨੁਵਾਦ ਦੀ ਸ਼ੁੱਧਤਾ 'ਤੇ ਤੁਹਾਡੀ ਨਿਰਭਰਤਾ ਕਾਰਨ ਹੋਏ ਨੁਕਸਾਨ ਜਾਂ ਘਾਟੇ, ਜਾਂ ਅਨੁਵਾਦ ਨੂੰ ਦੇਖਣ, ਵੰਡਣ ਜਾਂ ਕਾਪੀ ਕਰਨ ਤੋਂ ਹੋਏ ਨੁਕਸਾਨ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ।